# India-Uzbekistan Foreign Office Consultations

May 11, 2022

.............

## ਭਾਰਤ-ਉਜ਼ਬੇਕਿਸਤਾਨ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ

**11 ਮਈ, 2022**

ਭਾਰਤ-ਉਜ਼ਬੇਕਿਸਤਾਨ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ (FoC) ਦਾ 15ਵਾਂ ਦੌਰ 11 ਮਈ, 2022 ਨੂੰ ਨਵੀਂ ਦਿੱਲੀ ਵਿੱਚ ਹੋਇਆ। ਸਲਾਹ-ਮਸ਼ਵਰੇ ਦੀ ਸਹਿ-ਪ੍ਰਧਾਨਗੀ ਸਕੱਤਰ (ਪੱਛਮ) ਸ਼੍ਰੀ ਸੰਜੇ ਵਰਮਾ ਅਤੇ ਉਜ਼ਬੇਕਿਸਤਾਨ ਗਣਰਾਜ ਦੇ ਵਿਦੇਸ਼ ਉਪ ਮੰਤਰੀ ਮਹਾਮਹਿਮ ਸ਼੍ਰੀ ਫੁਰਕਤ ਸਿਦੀਕੋਵ ਨੇ ਕੀਤੀ। FoC ਦਾ ਪਿਛਲਾ ਦੌਰ ਨਵੰਬਰ, 2020 ਵਿੱਚ ਵਰਚੁਅਲ ਫਾਰਮੈਟ ਵਿੱਚ ਹੋਇਆ ਸੀ।

ਇਸ ਵਿਚਾਰ-ਵਟਾਂਦਰੇ ਦੌਰਾਨ ਦੋਵਾਂ ਧਿਰਾਂ ਨੇ ਰਾਜਨੀਤਿਕ, ਸੁਰੱਖਿਆ, ਵਪਾਰ-ਆਰਥਿਕ, ਸੰਪਰਕ, ਵਿਕਾਸ ਭਾਈਵਾਲੀ, ਮਨੁੱਖੀ ਅਤੇ ਸੱਭਿਆਚਾਰਕ ਖੇਤਰਾਂ ਸਮੇਤ ਦੁਵੱਲੇ ਸਹਿਯੋਗ ਦੀ ਸਥਿਤੀ ਅਤੇ ਸੰਭਾਵਨਾਵਾਂ ਦੀ ਵਿਆਪਕ ਸਮੀਖਿਆ ਕੀਤੀ। ਇਹ ਗੱਲਬਾਤ ਖਾਸ ਤੌਰ 'ਤੇ ਵਧੇਰੇ ਆਰਥਿਕ ਸਹਿਯੋਗ ਅਤੇ ਭਾਰਤ ਅਤੇ ਉਜ਼ਬੇਕਿਸਤਾਨ ਵਿਚਕਾਰ ਸੰਪਰਕ ਵਧਾਉਣ ਲਈ ਉਪਾਵਾਂ 'ਤੇ ਕੇਂਦਰਿਤ ਸੀ। ਦੋਵੇਂ ਧਿਰ ਦੋਵਾਂ ਦੇਸ਼ਾਂ ਦਰਮਿਆਨ ਵਪਾਰ ਲਈ ਚਾਬਹਾਰ ਬੰਦਰਗਾਹ ਦੀ ਪੂਰੀ ਸਮਰੱਥਾ ਦਾ ਲਾਹਾ ਲੈਣ ਉੱਤੇ ਸਹਿਮਤ ਹੋਏ।

ਦੋਵਾਂ ਧਿਰਾਂ ਨੇ ਅਫਗਾਨਿਸਤਾਨ ਸਮੇਤ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਸੰਯੁਕਤ ਰਾਸ਼ਟਰ, ਐਸਸੀਓ ਅਤੇ ਹੋਰ ਬਹੁਪੱਖੀ ਮੰਚਾਂ ਵਿੱਚ ਸਹਿਯੋਗ ਨੂੰ ਹੋਰ ਵਧਾਉਣ ਉੱਤੇ ਸਹਿਮਤੀ ਪ੍ਰਗਟਾਈ। ਭਾਰਤੀ ਪੱਖ ਨੇ ਉਜ਼ਬੇਕਿਸਤਾਨ ਦੀ ਐਸਸੀਓ ਦੀ ਮੌਜੂਦਾ ਪ੍ਰਧਾਨਗੀ ਪ੍ਰਤੀ ਆਪਣੀ ਪੂਰੀ ਹਮਾਇਤ ਜ਼ਾਹਰ ਕੀਤੀ। ਦੋਵਾਂ ਧਿਰਾਂ ਨੇ ਜਨਵਰੀ, 2022 ਵਿੱਚ ਹੋਏ ਪਹਿਲੇ ਭਾਰਤ-ਮੱਧ ਏਸ਼ੀਆ ਸਿਖਰ ਸੰਮੇਲਨ ਦਾ ਉੱਚ ਪੱਧਰੀ ਮੁਲਾਂਕਣ ਕੀਤਾ ਅਤੇ ਇਸਦੇ ਨਤੀਜਿਆਂ ਨੂੰ ਦੂਜੇ ਮੱਧ ਏਸ਼ੀਆਈ ਦੇਸ਼ਾਂ ਦੇ ਨਾਲ ਤੇਜ਼ੀ ਨਾਲ ਲਾਗੂ ਕਰਨ ਉੱਤੇ ਸਹਿਮਤੀ ਦਿੱਤੀ।

ਗੱਲਬਾਤ ਦੋਸਤੀ ਅਤੇ ਸਮਝਦਾਰੀ ਦੀ ਰਵਾਇਤੀ ਭਾਵਨਾ ਵਿੱਚ ਹੋਈ। FoC ਦਸੰਬਰ, 2020 ਵਿੱਚ ਹੋਏ ਵਰਚੁਅਲ ਸੰਮੇਲਨ ਸਮੇਤ ਪਿਛਲੇ 2 ਸਾਲਾਂ ਵਿੱਚ ਹੋਈਆਂ ਉੱਚ-ਪੱਧਰੀ ਮੀਟਿੰਗਾਂ ਦੌਰਾਨ ਲਏ ਗਏ ਫੈਸਲਿਆਂ ਦੇ ਲਾਗੂ ਹੋਣ ਦਾ ਜਾਇਜ਼ਾ ਲੈਣ ਵਿੱਚ ਲਾਹੇਵੰਦ ਰਹੀ। ਦੋਵੇਂ ਧਿਰਾਂ ਉਜ਼ਬੇਕਿਸਤਾਨ ਵਿੱਚ ਆਪਸੀ ਸਹੂਲਤ ਅਨੁਸਾਰ ਸਲਾਹ-ਮਸ਼ਵਰੇ ਦਾ ਅਗਲਾ  ਗੇੜ ਕਰਾਉਣ ਉੱਤੇ ਸਹਿਮਤ ਹੋਈਆਂ।

ਨਵੀਂ ਦਿੱਲੀ

11 ਮਈ, 2022

DISCLAIMER: This is an approximate translation. The original is available in English on MEA’s website and may be referred to as the official press release.